I/388386/2022 File No. HFW-HLH2026D/211/2022-6H2

**ਪੰਜਾਬ ਸਰਕਾਰ**

**ਸਿਹਤ ਤੇ ਪਰਿਵਾਰ ਭਲਾਈ ਵਿਭਾਗ**

**(ਸਿਹਤ-2 ਸ਼ਾਖਾ)**

ਸੇਵਾ ਵਿਖੇ,

ਡਾਇਰੈਕਟਰ,
ਸਿਹਤ ਤੇ ਪਰਿਵਾਰ ਭਲਾਈ,
ਪੰਜਾਬ, ਚੰਡੀਗੜ੍ਹ;

**ਮਿਤੀ, ਚੰਡੀਗੜ੍ਹ; 05.07.2022**

ਵਿਸ਼ਾ:- NEET PG 2022 ਦੌਰਾਨ ਸਪਾਂਸਰਡ ਕੈਟਾਗਰੀ ਅਧੀਨ ਡੀ.ਐਨ.ਬੀ. ਕੋਰਸ ਕਰਨ ਲਈ ਐਨ.ਓ.ਸੀ. ਜਾਰੀ ਕਰਨ ਬਾਰੇ:- ਡਾਕਟਰ (ਮੇਜਰ) ਅਮਰਪਾਲ ਸਿੰਘ, ਮੈਡੀਕਲ ਅਫਸਰ, ਮੈਰਿਟ ਨੰ: 28/ਈ.ਐਸ.ਐਮ.(ਜਨਰਲ)/2010, ਇੰਸਟੀਚਿਊਟ ਆਫ ਮੈਂਟਲ ਹੈਲਥ, ਅੰਮ੍ਰਿਤਸਰ।

*****

ਉਪਰੋਕਤ ਵਿਸ਼ੇ ਤੇ ਪੱ.ਨੰ: ਈ2(2)ਪੰ:2022/3068 ਮਿਤੀ 21.06.2022 ਦੇ ਹਵਾਲੇ ਵਿਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਆਪ ਵੱਲੋਂ ਭੇਜੇ ਗਏ ਹੇਠ ਲਿਖੇ ਮੈਡੀਕਲ ਅਫਸਰ ਦੇ ਵੇਰਵੇ ਨੂੰ ਸਰਕਾਰ ਦੀਆਂ ਹਦਾਇਤਾਂ ਮਿਤੀ 14.12.2021 ਅਨੁਸਾਰ ਵਿਚਾਰਨ ਉਪਰੰਤ ਡਾਕਟਰ ਦੇ ਨਾਮ ਸਾਹਮਣੇ ਦਰਸਾਏ ਵੇਰਵਿਆਂ ਅਨੁਸਾਰ ਸਪਾਂਸਰਡ ਕੈਟਾਗਰੀ ਵਿੱਚ ਪੰਜਾਬ ਰਾਜ ਦੇ ਜਿਲ੍ਹਾ ਹਸਪਤਾਲਾਂ ਤੋਂ ਡੀ.ਐਨ.ਬੀ. ਕਰਨ ਲਈ ਕਾਉਂਸਲਿੰਗ ਅਟੈਂਡ ਕਰਨ ਲਈ ਪ੍ਰੋਵੀਜਨਲ ਐਨ.ਓ.ਸੀ. ਜਾਰੀ ਕੀਤਾ ਜਾਂਦਾ ਹੈ:-

| ਡਾਕਟਰ ਦਾ ਨਾਮ, ਸੇਵਾ ਨੰਬਰ ਅਤੇ ਪੋਸਟਿੰਗ ਦਾ ਸਥਾਨ | ਜਨਮ ਮਿਤੀ/ ਸੇਵਾ ਸ਼ੁਰੂ ਕਰਨ ਦੀ ਮਿਤੀ / ਰਿਟਾਇਰਮੈਂਟ ਦੀ ਮਿਤੀ | ਪਰਖ ਕਾਲ ਸਮਾਂ ਪਾਰ ਹੈ ਜਾਂ ਨਹੀਂ | ਸ਼ਿਕਾਇਤ / ਪੜਤਾਲ ਲੰਬਿਤ ਹੈ ਜਾਂ ਨਹੀਂ | ਸੰਸਥਾ ਦਾ ਨਾਮ | ਰੂਰਲ ਸੇਵਾ ਦੇ ਵੇਰਵਾ | ਵਿਸੇਸ਼ ਕਥਨ |
|---|---|---|---|---|---|---|
| ਡਾਕਟਰ (ਮੇਜਰ) ਅਮਰਪਾਲ ਸਿੰਘ, ਮੈਡੀਕਲ ਅਫਸਰ, ਮੈਰਿਟ ਨੰ: 28/ਈ.ਐਸ.ਐਮ./2010, ਆਈ.ਐਮ.ਐਚ. ਅੰਮ੍ਰਿਤਸਰ | 04.02.1979<br>22.03.2011<br>28.02.2037 | ਹਾਂ ਜੀ | ਨਹੀਂ ਜੀ | ਪੀ.ਐਚ.ਸੀ. ਫਤਿਹਾਬਾਦ (ਸੀ.ਐਚ.ਸੀ. ਸਰਹਾਲੀ) ਜਿਲ੍ਹਾ ਤਰਨਤਾਰਨ ਮਿਤੀ 22.03.11 ਤੋਂ 27.08.18<br>ਆਰ.ਐਚ. ਭਕਨਾ (ਸੀ.ਐਚ.ਸੀ. ਲੋਪੋਕੇ) ਅੰਮ੍ਰਿਤਸਰ ਮਿਤੀ 28.08.18 ਤੋਂ 27.07.21<br>ਇੰਸਟੀਚਿਊਟ ਆਫ ਮੈਂਟਲ ਹੈਲਥ ਅੰਮ੍ਰਿਤਸਰ ਮਿਤੀ 28.07.21 ਤੋਂ 31.03.22 | 07 ਸਾਲ 05 ਮਹੀਨੇ<br>02 ਸਾਲ 11 ਮਹੀਨੇ<br>9 ਮਹੀਨੇ | ਸਪਾਂਸਰਡ ਕੈਟਾਗਰੀ ਅਧੀਨ |

3. ਸਰਕਾਰ ਦੀਆ ਹਦਾਇਤਾਂ ਮਿਤੀ **14.12.2021** ਵਿੱਚ ਹੇਠ ਅਨੁਸਾਰ ਉਪਬੰਧ ਕੀਤਾ ਗਿਆ ਹੈ:-

**ਸਪਾਂਰਸਰਡ ਕੈਟਾਗਰੀ ਅਧੀਨ:-**

1. ਜਿਨ੍ਹਾਂ ਪੀ.ਸੀ.ਐਮ.ਐਸ. ਮੈਡੀਕਲ ਅਫਸਰਾਂ ਨੇ 03 ਸਾਲ ਦੀ ਸੇਵਾ Difficult Rural Area ਜਾਂ More Difficult Rural Area ਵਿੱਚ ਪੂਰੀ ਕੀਤੀ ਹੋਵੇ;
2. ਪਰਖਕਾਲ ਸਮਾਂ ਪਾਰ ਹੋਵੇ;
3. ਪੰਜਾਬ ਸਿਵਲ ਸੇਵਾਂਵਾ (ਸਜਾ ਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 8 ਅਧੀਨ ਦੋਸ਼ ਸੂਚੀ ਜਾਂ ਕੋਈ ਵਿਜੀਲੈਂਸ ਪੜਤਾਲ ਆਦਿ ਲੰਬਿਤ ਨਾ ਹੋਵੇ;
4. ਚੋਣ ਹੋਣ ਉਪਰੰਤ ਡਾਕਟਰ ਵੱਲੋਂ 6 ਸਾਲ ਦੀ ਸੇਵਾ ਕਰਨ ਲਈ ਰੁ: 25,00,000/- (ਪੱਚੀ ਲੱਖ ਰੁਪਏ) ਦਾ ਬਾਂਡ ਭਰਨਾ ਹੋਵੇਗਾ;
5. ਕੋਰਸ ਕਰਨ ਉਪਰੰਤ ਡਾਕਟਰ ਦੀ 6 ਸਾਲ ਦੀ ਸੇਵਾ ਬਾਕੀ ਰਹਿੰਦੀ ਹੋਵੇ; ਅਤੇ
6. ਜੇਕਰ ਡਾਕਟਰ ਕੋਰਸ ਕਰਨ ਉਪਰੰਤ ਸੇਵਾ ਪੂਰੀ ਨਹੀਂ ਕਰਦਾ ਜਾਂ ਬਾਂਡ ਮਨੀ ਨਹੀਂ ਭਰਦਾ ਤਾਂ ਉਸਦੀ ਰਜਿਸਟ੍ਰੇਸ਼ਨ ਸਬੰਧਤ ਮੈਡੀਕਲ ਕੌਂਸਲ ਤੋਂ ਰੱਦ ਕਰ ਦਿੱਤੀ ਜਾਵੇਗੀ।

4. ਉਕਤ ਦਰਜ ਡਾਕਟਰ ਨੂੰ ਸਰਕਾਰ ਦੀਆਂ ਹਦਾਇਤਾਂ ਮਿਤੀ 14.12.2021 ਵਿੱਚ ਦਰਜ ਸ਼ਰਤਾਂ ਤੋ ਇਲਾਵਾ ਇਸ ਸ਼ਰਤ ਤੇ ਜਾਰੀ ਕੀਤਾ ਜਾਂਦਾ ਹੈ ਕਿ ਸਿਲੈਕਸ਼ਨ ਹੋਣ ਤੇ ਡਾਕਟਰ ਫਾਰਮਲ ਐਨ.ਓ.ਸੀ ਸਰਕਾਰ ਪਾਸੋ ਲੈ ਕੇ ਜਾਵੇਗਾ। ਜੇਕਰ ਬਾਅਦ ਵਿੱਚ ਕੋਈ ਪ੍ਰਤੀਕੂਲ ਮੁੱਦਾ ਸਾਹਮਣੇ ਆਉਣ ਕਾਰਨ ਜਾਰੀ ਕੀਤਾ ਜਾ ਰਿਹਾ ਐਨ.ਓ.ਸੀ ਮੁੜ ਵਿਚਾਰਿਆ ਜਾ ਸਕਦਾ ਹੈ।

5. ਇਹ ਪੱਤਰ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

ਸੁਪਰਡੰਟ

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, (ਸਿਹਤ-3 ਸ਼ਾਖਾ) ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ ਮੈਡੀਕਲ ਭਵਨ, ਸੈਕਟਰ-69, ਮੋਹਾਲੀ।
3. ਸਬੰਧਤ ਸਿਵਲ ਸਰਜਨ/ਐਸ.ਐਮ.ਓ। (ਵੈਬਸਾਇਟ ਰਾਹੀਂ https://health.punjab.gov.in)
4. ਸਬੰਧਤ ਡਾਕਟਰ। (ਵੈਬਸਾਇਟ ਰਾਹੀਂ https://health.punjab.gov.in)

ਸੁਪਰਡੰਟ